# NYC ਸਿਹਤ ਅਤੇ ਮਾਨਸਿਕ ਅਰੋਗਤਾ ਵਿਭਾਗ ਦੇ COVID-19 ਇਕੁਇਟੀ ਐਕਸ਼ਨ ਪਲਾਨ ਦਾ ਸਾਰ

ਹਾਲਾਂਕਿ COVID-19 ਇੱਕ ਨਵੀਂ ਬਿਮਾਰੀ ਹੈ, ਇਸ ਦੇ ਵਿਨਾਸ਼ ਦੇ ਪੈਟਰਨ ਜਾਣੂ ਹਨ: ਅਸ਼ਵੇਤ, ਲਾਤੀਨੀ, ਪਰਵਾਸੀ, ਅਤੇ ਘੱਟ ਆਮਦਨੀ ਵਾਲੀਆਂ ਕਮਿਊਨਿਟੀਜ਼ ਬੇਮੇਲ ਢੰਗ ਨਾਲ ਪ੍ਰਭਾਵਿਤ ਹੋਈਆਂ ਹਨ।

ਸਿਹਤ ਅਤੇ ਮਾਨਸਿਕ ਅਰੋਗਤਾ ਵਿਭਾਗ ਸਿਟੀ ਦੀ COVID-19 ਪ੍ਰਤਿਕਿਰਿਆ ਵਿੱਚ ਬਰਾਬਰੀ ਦੀਆਂ ਨੀਤੀਆਂ ਅਤੇ ਤਰੀਕਿਆਂ ਨੂੰ ਅੱਗੇ ਵਧਾਉਣ ਲਈ ਇੱਕ **ਇਕੁਇਟੀ ਐਕਸ਼ਨ ਪਲਾਨ** ਲਾਗੂ ਕਰ ਰਿਹਾ ਹੈ। ਇਹ ਪਲਾਨ COVID-19 ਦੇ ਮਾਮਲਿਆਂ, ਹਸਪਤਾਲ ਵਿੱਚ ਦਾਖਲਿਆਂ ਅਤੇ ਮੌਤਾਂ ਦੇ ਬੇਮੇਲ ਬੋਝ ਵਾਲੇ ਇਲਾਕਿਆਂ ਵਿੱਚ ਕਮਿਊਨਿਟੀ ਅਤੇ ਸਿਹਤ ਸੰਭਾਲ ਭਾਗੀਦਾਰਾਂ ਨਾਲ ਕੇਂਦ੍ਰਿਤ ਸੁਨੇਹਿਆਂ ਅਤੇ ਵਾਧੂ ਸ਼ਮੂਲੀਅਤ ਦੀ ਵਰਤੋਂ ਕਰਦਾ ਹੈ। **ਅਸੀਂ ਜਾਣਦੇ ਹਾਂ ਕਿ ਇਨ੍ਹਾਂ ਇਲਾਕਿਆਂ ਵਿੱਚ ਘੱਟ ਨਿਵੇਸ਼ ਅਤੇ ਸੰਸਥਾਗਤ ਨਸਲਵਾਦ COVID-19 ਦੇ ਜੋਖਮ ਦੇ ਕਾਰਕ ਹਨ।**

ਕਮਿਊਨਿਟੀ ਦੇ ਮੈਂਬਰਾਂ ਤੱਕ ਬਿਹਤਰ ਪਹੁੰਚ ਲਈ ਇਹ ਇਕੁਇਟੀ ਐਕਸ਼ਨ ਪਲਾਨ ਇੱਕ ਨਸਲੀ ਇਨਸਾਫ਼ ਢਾਂਚੇ ਅਤੇ ਆਬਾਦੀ-ਸੰਬੰਧੀ ਰਣਨੀਤੀਆਂ ਦੀ ਵਰਤੋਂ ਕਰਦਾ ਹੈ। ਇਹ ਤਰੀਕਾ ਇਹ ਯਕੀਨੀ ਬਣਾਉਂਦਾ ਹੈ ਕਿ COVID-19 ਤੋਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਈਆਂ ਕਮਿਊਨਿਟੀਜ਼ ਨੂੰ ਲੋੜੀਂਦੀ ਜਾਣਕਾਰੀ, ਵਸੀਲੇ ਅਤੇ ਸਹਾਇਤਾ ਪ੍ਰਾਪਤ ਹੁੰਦੀ ਹੈ।

ਇਸ ਇਕੁਇਟੀ ਐਕਸ਼ਨ ਪਲਾਨ ਦੇ ਤਿੰਨ ਮੁੱਖ ਭਾਗ ਹਨ:

1. <u>ਸਿਹਤ ਸੰਭਾਲ ਪਰਦਾਤਾਵਾਂ ਨਾਲ ਜੁੜਨਾ:</u>
   ਪ੍ਰਤਿਕਿਰਿਆ ਦੇ ਸਾਰੇ ਚਰਣਾਂ ਦੇ ਦੌਰਾਨ ਇਸ ਜਨਤੱਕ ਸਿਹਤ ਐਮਰਜੈਂਸੀ ਵਿੱਚ ਸਭ ਤੋਂ ਅਗਾਂਹ ਹੋ ਕੇ ਸੇਵਾ ਕਰਨ ਲਈ ਕਮਿਊਨਿਟੀ ਸਿਹਤ ਸੰਭਾਲ ਪਰਦਾਤਾਵਾਂ ਦੀ ਸਮਰੱਥਾ ਨੂੰ ਵਧਾਉਣ ਲਈ ਉਨ੍ਹਾਂ ਨਾਲ 10 ਜਾਂ ਘੱਟ ਡਾਕਟਰਾਂ ਵਾਲੀਆਂ ਸੈਟਿੰਗਸ ਵਿੱਚ ਕੰਮ ਕਰਨਾ; COVID-19 ਦੇ ਜੋਖਮ ਦੇ ਕਾਰਕਾਂ ਨੂੰ ਘਟਾਉਣ ਲਈ ਕਮਿਊਨਿਟੀ ਸਿਹਤ ਸੰਭਾਲ ਦੀਆਂ ਜ਼ਰੂਰਤਾਂ ਦੀ ਪਛਾਣ ਅਤੇ ਉਨ੍ਹਾਂ ਦਾ ਸਮਾਧਾਨ ਕਰਨ ਵਿੱਚ ਪਰਦਾਤਾਵਾਂ ਦੀ ਮਦਦ ਕਰਨਾ।

   ਅਜਿਹਾ ਕਰਨ ਲਈ, ਅਸੀਂ:
   - ਕਲੀਨਿਕਾਂ ਵਿੱਚ ਸੁਤੰਤਰ ਪਰਦਾਤਾਵਾਂ ਦੀਆਂ ਜ਼ਰੂਰਤਾਂ ਦਾ ਮੁਲਾਂਕਣ ਕਰਾਂਗੇ ਅਤੇ ਉਨ੍ਹਾਂ ਦੇ ਕਲੀਨਿਕ ਮੁੜ ਖੋਲ੍ਹਣ ਅਤੇ ਰੋਜ਼ ਦੇ ਕੰਮਾਂ ਨੂੰ ਜਾਰੀ ਰੱਖਣ ਲਈ ਤਕਨੀਕੀ ਸਹਾਇਤਾ ਪ੍ਰਦਾਨ ਕਰਾਂਗੇ।
   - ਪਰਦਾਤਾਵਾਂ ਨੂੰ ਟੈਲੀਮੈਡਿਸਿਨ ਸੇਵਾਵਾਂ ਪੇਸ਼ ਕਰਨ ਲਈ ਉਤਸ਼ਾਹਿਤ ਕਰਾਂਗੇ ਅਤੇ ਅਦਾਇਗੀ ਨੂੰ ਨੈਵੀਗੇਟ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਾਂਗੇ।
   - ਮਰੀਜ਼ਾਂ ਦੀ ਜਾਂਚ ਕਰਨ ਅਤੇ ਉਨ੍ਹਾਂਨੂੰ, ਦਵਾਈਆਂ, ਟੀਕਿਆਂ ਅਤੇ ਸਿਹਤ ਜਾਣਕਾਰੀ ਸਮੇਤ, ਦੇਖਭਾਲ ਨਾਲ ਜੋੜਨ ਲਈ ਮਰੀਜ਼ਾਂ ਤੱਕ ਪਹੁੰਚਣ ਵਿੱਚ ਪਰਦਾਤਾਵਾਂ ਦੀ ਮਦਦ ਕਰਾਂਗੇ।
   - ਦਫ਼ਤਰ ਦੀਆਂ ਸਧਾਰਨ ਸੈਟਿੰਗਸ ਤੋਂ ਬਾਹਰ ਵਿਅਕਤਕ ਮੁੱਢਲੀ ਦੇਖਭਾਲ ਵਿਜ਼ਿਟਸ ਨੂੰ ਸਮਰੱਥ ਕਰਨ ਦੇ ਤਰੀਕੇ ਲੱਭਾਂਗੇ, ਜਿਵੇਂ ਮੋਬਾਈਲ ਕਲੀਨਿਕਸ।
   - ਮੈਡੀਕਲ ਸਪਲਾਈ ਪ੍ਰਦਾਨ ਕਰਾਂਗੇ, ਜਿਨ੍ਹਾਂ ਵਿੱਚ, ਨਿੱਜੀ ਸੁਰੱਖਿਆ ਉਪਕਰਨ ਸ਼ਾਮਲ ਹਨ।
   - ਸਿਟੀ ਦੇ COVID-19 ਹੋਟਲ ਪ੍ਰੋਗਰਾਮ, ਜੋ ਉਨ੍ਹਾਂ ਲੋਕਾਂ ਲਈ ਹੋਟਲ ਦੇ ਕਮਰੇ ਮੁਹੱਈਆ ਕਰਦੇ ਹਨ ਜਿਨ੍ਹਾਂਨੂੰ COVID-19 ਹੈ ਜਾਂ ਜੋ ਅਜਿਹੇ ਕਿਸੇ ਵਿਅਕਤੀ ਨਾਲ ਰਹਿੰਦੇ ਹਨ ਜਿਸਨੂੰ COVID-19 ਹੋ ਸਕਦਾ ਹੈ

ਅਤੇ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਵੱਖ ਨਹੀਂ ਹੋ ਸਕਦੇ, ਵਿੱਚ ਅਧਿਕਾਰਤ ਦਾਖਲਾਕਰਤਾ ਬਣਨ ਲਈ ਪਰਦਾਤਾਵਾਂ ਨੂੰ ਸਾਈਨ ਅਪ ਕਰਾਂਗੇ।

- ਸਿਟੀ ਦੀਆਂ ਅਜਿਹੀਆਂ ਸੇਵਾਵਾਂ ਅਤੇ ਵਸੀਲਿਆਂ ਬਾਰੇ ਪਰਦਾਤਾਵਾਂ ਨੂੰ ਸੂਚਿਤ ਕਰਾਂਗੇ ਜੋ COVID-19 ਜਨਤੱਕ ਸਿਹਤ ਐਮਰਜੈਂਸੀ ਦੇ ਦੌਰਾਨ ਅਤੇ ਉਸਤੋਂ ਬਾਅਦ ਉਨ੍ਹਾਂ ਦੇ ਮਰੀਜ਼ਾਂ ਦੀ ਸਹਾਇਤਾ ਕਰ ਸਕਦੇ ਹਨ (ਸਿਹਤ, ਭੋਜਨ, ਹੋਰ ਸਮਾਜਕ ਸੇਵਾਵਾਂ)।

2. <u>ਕਮਿਊਨਿਟੀ ਪਾਰਟਨਰਸ ਨਾਲ ਜੁੜਨਾ:</u>
ਸਿਹਤ ਨਾਲ ਜੁੜੀਆਂ ਸਮੱਸਿਆਵਾਂ ਨੂੰ ਪਛਾਣਨ, ਪ੍ਰਤਿਕਿਰਿਆ ਦੀਆਂ ਰਣਨੀਤੀਆਂ ਬਣਾਉਣ, ਆਮ ਸਿਹਤ ਜਾਣਕਾਰੀ ਦੀ ਜਾਗਰੂਕਤਾ ਨੂੰ ਵਧਾਉਣ ਅਤੇ ਇਹ ਯਕੀਨੀ ਬਣਾਉਣ ਲਈ ਸਿੱਧਾ ਕਮਿਊਨਿਟੀ ਪਾਰਟਨਰਸ ਨਾਲ ਕੰਮ ਕਰਨਾ ਕਿ ਕਮਿਊਨਿਟੀ ਦੇ ਮੈਂਬਰਾਂ ਨੂੰ ਸਿਹਤ ਦੇਖਭਾਲ ਪ੍ਰਾਪਤ ਹੁੰਦੀ ਹੈ ਅਤੇ ਉਨ੍ਹਾਂ ਕੋਲ ਹੋਰ ਵਸੀਲਿਆਂ ਤੱਕ ਪਹੁੰਚ ਹੈ।

ਅਜਿਹਾ ਕਰਨ ਲਈ, ਅਸੀਂ:

- ਕਮਿਊਨਿਟੀ ਦੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਉਨ੍ਹਾਂਨੂੰ ਪੂਰਾ ਕਰਨ ਲਈ ਕਮਿਊਨਿਟੀ ਦੇ ਆਗੂਆਂ, ਕਮਿਊਨਿਟੀ-ਅਧਾਰਤ ਸੰਗਠਨਾਂ ਅਤੇ ਸ਼ਰਧਾ-ਅਧਾਰਤ ਸਮੂਹਾਂ ਨਾਲ ਸੰਬੰਧ ਕਾਇਮ ਕਰਨਾ ਅਤੇ ਉਨ੍ਹਾਂ ਨਾਲ ਭਾਗੀਦਾਰੀ ਕਰਨਾ ਜਾਰੀ ਰੱਖਾਂਗੇ।
- ਕਮਿਊਨਿਟੀ ਦੇ ਸਮੂਹਾਂ ਅਤੇ ਮੈਂਬਰਾਂ ਨੂੰ ਸਿਟੀ ਦੀਆਂ ਅਜਿਹੀਆਂ ਸੇਵਾਵਾਂ ਅਤੇ ਵਸੀਲਿਆਂ ਨਾਲ ਜੋੜਾਂਗੇ ਜੋ COVID-19 ਜਨਤੱਕ ਸਿਹਤ ਐਮਰਜੈਂਸੀ ਦੇ ਦੌਰਾਨ ਅਤੇ ਉਸਤੋਂ ਬਾਅਦ ਉਨ੍ਹਾਂ ਦੀਆਂ ਕਮਿਊਨਿਟੀਜ਼ ਦੀ ਸਹਾਇਤਾ ਕਰ ਸਕਦੇ ਹਨ (ਸਿਹਤ, ਭੋਜਨ, ਹੋਰ ਸਮਾਜਕ ਸੇਵਾਵਾਂ)।
- ਸਿਹਤ-ਸੰਬੰਧੀ ਜ਼ਰੂਰਤਾਂ ਨੂੰ ਪਛਾਣਨ ਅਤੇ ਕਮਿਊਨਿਟੀ ਦੇ ਮੈਂਬਰਾਂ ਨੂੰ ਵੱਖੋ-ਵੱਖ ਕਿਸਮਾਂ ਦੀਆਂ ਸਿਹਤ ਸਮੱਸਿਆਵਾਂ ਬਾਰੇ ਦੱਸਣ ਅਤੇ ਉਨ੍ਹਾਂਨੂੰ ਦੇਖਭਾਲ ਨਾਲ ਜੋੜਨ ਲਈ ਕਮਿਊਨਿਟੀ ਦੇ ਮੈਂਬਰਾਂ ਨਾਲ ਸਿਹਤ ਅਤੇ ਤੰਦਰੁਸਤੀ ਦੀ ਜਾਂਚ ਕਰਾਂਗੇ।
- ਸਿਟੀ ਦੀ ਲੀਡਰਸ਼ਿਪ ਨੂੰ ਕਮਿਊਨਿਟੀ ਦੇ ਪਾਰਟਨਰਸ ਅਤੇ ਮੈਂਬਰਾਂ ਦੀਆਂ ਨਵੀਆਂ ਅਤੇ ਮੌਜੂਦਾ ਜ਼ਰੂਰਤਾਂ ਦੀ ਪਛਾਣ ਕਰਨ ਵਾਲੀਆਂ ਰਿਪੋਰਟਾਂ ਪੇਸ਼ ਕਰਨਾ।
- ਇਹ ਯਕੀਨੀ ਬਣਾਉਣ ਲਈ Health + Hospitals ਨਾਲ ਪਾਰਟਨਰਸ਼ਿਪ ਵਿੱਚ ਟੈਸਟ ਐਂਡ ਟ੍ਰੇਸ ਕਮਿਊਨਿਟੀ ਐਡਵਾਇਜ਼ਰੀ ਬੋਰਡ (CAB) ਦੀ ਸਥਾਪਨਾ ਅਤੇ ਉਸਦੀ ਅਗਵਾਈ ਕਰਨਾ ਕਿ ਸੰਪਰਕ ਟਰੇਸਿੰਗ ਅੱਗੇ ਵੱਧਣ ਦੇ ਨਾਲ ਕਮਿਊਨਿਟੀ ਦੀਆਂ ਅਵਾਜ਼ਾਂ ਅਤੇ ਜ਼ਰੂਰਤਾਂ 'ਤੇ ਵਿਚਾਰ ਕੀਤਾ ਜਾਂਦਾ ਹੈ।

3. <u>ਕਮਿਊਨਿਟੀ ਨਾਲ ਗੱਲਬਾਤ ਕਰਨਾ:</u>
COVID-19 ਬਾਰੇ ਕਮਿਊਨਿਟੀ ਦੇ ਮੈਂਬਰਾਂ ਦੀ ਸਮਝ ਨੂੰ ਵਧਾਉਣ ਲਈ ਆਧੁਨਿਕ ਜਾਣਕਾਰੀ ਦੇਣਾ ਅਤੇ ਗਲਤ ਜਾਣਕਾਰੀ ਦਾ ਮੁਕਾਬਲਾ ਕਰਨ ਲਈ ਕੰਮ ਕਰਨਾ; ਸਿਹਤਮੰਦ ਰਹਿਣ ਵਿੱਚ ਲੋਕਾਂ ਦੀ ਮਦਦ ਕਰਨ ਲਈ ਵਸੀਲੇ ਮੁਹੱਈਆ ਕਰਨਾ; ਅਤੇ ਕਮਿਊਨਿਟੀ ਦੀਆਂ ਕਹਾਣੀਆਂ ਅਤੇ ਸਿਹਤ ਬਾਰੇ ਸੰਸਥਾਗਤ ਅਸਮਾਨਤਾਵਾਂ ਨੂੰ ਉਜਾਗਰ ਕਰਨਾ।

ਅਜਿਹਾ ਕਰਨ ਲਈ, ਅਸੀਂ:

- ਕਮਿਊਨਿਟੀ ਨੈੱਟਵਰਕਸ ਅਤੇ ਸਬਵੇ ਅਤੇ ਸਥਾਨਕ ਦੁਕਾਨਾਂ ਵਿੱਚ ਸੰਕੇਤਾਂ ਰਾਹੀਂ 20 ਤੋਂ ਵੱਧ ਭਾਸ਼ਾਵਾਂ ਵਿੱਚ COVID-19 ਮਾਰਗਦਰਸ਼ਨ ਪ੍ਰਦਾਨ ਕਰਾਂਗੇ।

- ਕਮਿਊਨਿਟੀ ਦੇ ਮੈਂਬਰਾਂ ਨੂੰ COVID-19 ਬਾਰੇ ਡਾਇਰੈਕਟ ਮੇਲ ਅਤੇ ਫ਼ੋਨ ਟੈਕਸਟਸ ਭੇਜਾਂਗੇ, ਜਿਨ੍ਹਾਂ ਵਿੱਚ ਇਹ ਸ਼ਾਮਲ ਹੋਣਗੇ:
  - ਲੱਛਣ
  - ਗੰਭੀਰ ਬਿਮਾਰੀ ਦੇ ਜੋਖਮ
  - ਰੋਕਥਾਮ ਅਤੇ ਦੇਖਭਾਲ
  - ਨਜਿੱਠਣ ਦੀਆਂ ਮੁਹਾਰਤਾਂ ਅਤੇ ਤੰਦਰੁਸਤੀ ਦੀਆਂ ਰਣਨੀਤੀਆਂ
- ਕਮਿਊਨਿਟੀ- ਅਤੇ ਸ਼ਰਧਾ-ਅਧਾਰਤ ਸੰਗਠਨਾਂ, ਕਮਿਊਨਿਟੀ ਦੇ ਆਗੂਆਂ ਅਤੇ ਚੁਣੇ ਗਏ ਅਧਿਕਾਰੀਆਂ ਦੇ ਨਾਲ ਸਹਿ-ਹੋਸਟ ਕੀਤੀਆਂ ਗਈਆਂ ਕਮਿਊਨਿਟੀਜ਼ ਲਈ ਤਿਆਰ ਕੀਤੇ ਟੈਲੀ-ਟਾਊਨ ਹਾਲ ਤਿਆਰ ਕਰਨਾ।
- ਟੀਚਾ ਇਸ਼ਤਿਹਾਰ ਤਿਆਰ ਕਰਨਾ ਅਤੇ ਵੱਖੋ-ਵੱਖ ਕਿਸਮ ਦੇ ਚੈਨਲਾਂ ਰਾਹੀਂ ਪ੍ਰਚਾਰ ਕਰਨਾ।

ਜਦਕਿ ਨਿਊ ਯਾਰਕ ਦਾ ਹਰ ਵਸਨੀਕ COVID-19 ਦੁਆਰਾ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ ਹੈ, ਅਸ਼ਵੇਤ, ਲਾਤੀਨੀ, ਪਰਵਾਸੀ, ਅਤੇ ਘੱਟ ਆਮਦਨੀ ਵਾਲੀਆਂ ਕਮਿਊਨਿਟੀਜ਼ ’ਤੇ ਬੇਮੇਲ ਪ੍ਰਭਾਵ ਸਵੀਕਾਰ ਕਰਨ ਯੋਗ ਨਹੀਂ ਹੈ ਅਤੇ ਇਸਨੂੰ ਹੱਲ ਕਰਨਾ ਲਾਜ਼ਮੀ ਹੈ। ਘੱਟ ਨਿਵੇਸ਼ ਅਤੇ ਮੌਜੂਦਾ ਸਮਾਜਕ, ਆਰਥਿਕ ਅਤੇ ਸਿਹਤ ਪ੍ਰਣਾਲੀਆਂ ਵਿੱਚ ਜੜੇ ਹੋਏ ਸੰਸਥਾਗਤ ਨਸਲਵਾਦ ਕਰਕੇ ਇਹ ਬੇਮੇਲ ਪ੍ਰਭਾਵ ਕਈ ਗੁਣਾ ਵੱਧ ਜਾਂਦਾ ਹੈ। ਹੁਣ ਸਾਡੇ ਨਿਊ ਯਾਰਕ ਦੇ ਸਾਥੀ ਵਸਨੀਕਾਂ ਦੀ ਮਦਦ ਕਰਨ ਅਤੇ ਬਾਕੀ ਦੁਨੀਆ ਲਈ ਸਮਾਜਕ ਅਸਮਾਨਤਾ ਦੇ ਨਤੀਜਿਆਂ ਨੂੰ ਸਮਝਣ ਦਾ ਸਮਾਂ ਹੈ। **ਅਸੀਂ ਆਪਣੀ ਸਭ ਤੋਂ ਘੱਟ ਸਿਹਤਮੰਦ ਅਤੇ ਸਭ ਤੋਂ ਜ਼ਿਆਦਾ ਜੋਖਮ ਵਾਲੀ ਕਮਿਊਨਿਟੀ ਜਿੰਨੇ ਹੀ ਸਿਹਤਮੰਦ ਅਤੇ ਸੁਰੱਖਿਅਤ ਹਾਂ।**

**ਸਥਿਤੀ ਬਦਲਣ ਦੇ ਨਾਲ-ਨਾਲ NYC ਸਿਹਤ ਵਿਭਾਗ ਸਿਫਾਰਸ਼ਾਂ ਨੂੰ ਬਦਲ ਸਕਦਾ ਹੈ।** 6.5.20